Punjabi - Number 93d
Elder Abuse Prevention Series – February 2022

# ਵਡੇਰੀ ਉਮਰ ਦੇ ਬਾਲਗਾਂ ਦੇ ਨਾਲ ਆਰਥਕ ਦੁਰਵਿਹਾਰ
# Financial Abuse of Older Adults

## ਆਰਥਕ ਦੁਰਵਿਹਾਰ ਕੀ ਹੈ?

ਆਰਥਕ ਦੁਰਵਿਹਾਰ ਦਾ ਮਤਲਬ ਹੈ ਕਿਸੀ ਵਿਅਕਤੀ ਦੀ ਇਜਾਜ਼ਤ ਤੋਂ ਬਿਨਾਂ ਜਾਂ ਧੋਖਾ ਕਰਨ ਵਾਲੇ ਤਰੀਕੇ ਨਾਲ ਉਸ ਦਾ ਪੈਸਾ ਜਾਂ ਸੰਪਤੀ ਵਰਤਣਾ। ਆਰਥਕ ਦੁਰਵਿਹਾਰ ਕਿਸੇ ਵਡੇਰੀ ਉਮਰ ਦੇ ਬਾਲਗ ਦੇ ਵਸੀਲਿਆਂ, ਚੋਣਾਂ ਅਤੇ ਵਿਕਲਪਾਂ ਨੂੰ ਖੋਹ ਜਾਂ ਸੀਮਤ ਕਰ ਸਕਦਾ ਹੈ।

ਆਰਥਕ ਦੁਰਵਿਹਾਰ, ਦੁਰਵਿਹਾਰ ਦੀ ਸਭ ਤੋਂ ਆਮ ਕਿਸਮ ਹੈ ਜਿਸਦਾ ਅਨੁਭਵ ਲੋਕ ਪਿਛਲੇ ਜੀਵਨ ਵਿੱਚ ਕਰ ਸਕਦੇ ਹਨ। ਇਹ ਬਜ਼ੁਰਗਾਂ ਨਾਲ ਦੁਰਵਿਹਾਰ ਦੀਆਂ ਰਿਪੋਰਟ ਕੀਤੀਆਂ ਗਈਆਂ ਅੱਧੀਆਂ ਤੋਂ ਵੱਧ ਸਥਿਤੀਆਂ ਵਿੱਚ ਹੁੰਦਾ ਹੈ।

ਆਰਥਕ ਦੁਰਵਿਹਾਰ ਵਿੱਚ ਆਮਤੌਰ ਤੇ ਪਰਿਵਾਰ ਦਾ ਸਦੱਸ ਜਾਂ ਕੋਈ ਅਜਿਹਾ ਹੋਰ ਵਿਅਕਤੀ ਸ਼ਾਮਲ ਹੁੰਦਾ ਹੈ ਜਿਸ ਉੱਤੇ ਵਡੇਰੀ ਉਮਰ ਦਾ ਬਾਲਗ ਭਰੋਸਾ ਕਰਦਾ ਹੈ ਜਿਵੇਂ ਕਿ ਇੱਕ ਦੋਸਤ ਜਾਂ ਦੇਖਭਾਲ ਮੁਹੱਈਆ ਕਰਨ ਵਾਲਾ। ਆਰਥਕ ਦੁਰਵਿਹਾਰ ਉਸ ਵੇਲੇ ਵਾਪਰ ਸਕਦਾ ਹੈ ਜਦੋਂ ਪਰਿਵਾਰ ਦਾ ਸਦੱਸ ਜਾਂ ਦੋਸਤ ਵਡੇਰੀ ਉਮਰ ਦੇ ਬਾਲਗ ਦੇ ਵਿੱਤੀ ਮਾਮਲਿਆਂ ਸੰਬੰਧੀ ਫੈਸਲਿਆਂ ਅਤੇ ਪੈਸੇ ਦਾ ਨਿਯੰਤਰਨ ਆਪਣੇ ਹੱਥ ਵਿੱਚ ਲੈ ਲੈਂਦਾ ਹੈ। ਆਰਥਕ ਅਣਗਹਿਲੀ ਉਸ ਵੇਲੇ ਵਾਪਰਦੀ ਹੈ ਜੇ ਪਰਿਵਾਰ ਦਾ ਸਦੱਸ, ਦੋਸਤ ਜਾਂ ਪਾਵਰ ਆਫ ਅਟੌਰਨੀ ਪੈਸੇ ਨੂੰ ਨਿਯੰਤਰਤ ਕਰਦਾ ਹੈ ਪਰ ਵਡੇਰੀ ਉਮਰ ਦੇ ਬਾਲਗ ਦੇ ਮਾਲੀ ਫਰਜ਼ਾਂ ਦੀ ਅਵੱਗਿਆ ਕਰਦਾ ਹੈ ਜਾਂ ਪਾਵਰ ਆਫ ਅਟੌਰਨੀ ਹੇਠ ਹਿਦਾਇਤਾਂ ਦੀ ਪਾਲਣਾ ਨਹੀਂ ਕਰਦਾ।

ਆਰਥਕ ਦੁਰਵਿਹਾਰ ਅਤੇ ਅਣਗਹਿਲੀ ਦਾ ਪਰਿਵਾਰ ਦੇ ਸਦੱਸਾਂ ਵਿਚਕਾਰਲੇ ਭਰੋਸੇ ਤੇ ਨਕਾਰਾਤਮਕ ਪ੍ਰਭਾਵ ਹੁੰਦਾ ਹੈ। ਸੰਭਵ ਹੈ ਕਿ ਬਾਲਗ ਬੱਚੇ ਇਹ ਨਾ ਸੋਚਣ ਜਾਂ ਸਮਝਣ ਕਿ ਉਨ੍ਹਾਂ ਦੀਆਂ ਹਰਕਤਾਂ ਉਨ੍ਹਾਂ ਦੇ ਮਾਪੇ/ਮਾਪਿਆਂ ਪ੍ਰਤੀ ਆਰਥਕ ਰੂਪ ਨਾਲ ਦੁਰਵਿਹਾਰ ਜਾਂ ਅਣਗਹਿਲੀ ਵਾਲੀਆਂ ਹਨ।

ਆਰਥਕ ਦੁਰਵਿਹਾਰ ਦੀਆਂ ਆਮ ਮਿਸਾਲਾਂ ਵਿੱਚ ਸ਼ਾਮਲ ਹਨ:

- ਪਰਿਵਾਰ ਦਾ ਕੋਈ ਸਦੱਸ ਜੋ ਵਾਰ ਵਾਰ ਮਾਂ/ਪਿਓ ਉੱਤੇ ਪੈਸਿਆਂ ਲਈ ਜ਼ੋਰ ਪਾਉਂਦਾ ਹੈ ਜਾਂ ਪੈਸੇ ਉਧਾਰ ਲੈਂਦਾ ਹੈ, ਪਰ ਕਦੇ ਵੀ ਵਾਪਸ ਨਹੀਂ ਕਰਦਾ
- ਪਰਿਵਾਰ ਦਾ ਕੋਈ ਸਦੱਸ ਜੋ ਮਾਂ/ਪਿਓ ਦਾ ਘਰ ਜਾਂ ਹੋਰ ਸੰਪਤੀ ਵੇਚ ਦਿੰਦਾ ਹੈ ਅਤੇ ਫਿਰ ਪੈਸਿਆਂ ਨੂੰ ਆਪਣੇ ਲਾਭ ਲਈ ਵਰਤਦਾ ਹੈ
- ਬਾਲਗ ਬੱਚੇ ਜੋ ਮਾਂ/ਪਿਓ ਦੀ ਪੈਨਸ਼ਨ ਵਰਤ ਲੈਂਦੇ ਹਨ ਅਤੇ ਫਿਰ ਮਾਂ/ਪਿਓ ਨੂੰ ਉਨ੍ਹਾਂ ਕੋਲੋਂ ਪੈਸੇ ਮੰਗਣ ਲਈ ਮਜ਼ਬੂਰ ਕਰਦੇ ਹਨ
- ਇੱਕ ਵਿਅਕਤੀ ਜੋ ਪਾਵਰ ਆਫ ਅਟੌਰਨੀ ਦਾ ਦੁਰਉਪਯੋਗ ਕਰਦਾ ਹੈ
- ਇੱਕ ਵਿਅਕਤੀ ਜੋ ਇੱਕ ਬਜ਼ੁਰਗ ਨੂੰ ਇਕਰਾਰਨਾਮੇ ਤੇ ਹਸਤਾਖਰ ਕਰਨ ਜਾਂ ਉਨ੍ਹਾਂ ਨੂੰ ਬਦਲਣ ਲਈ ਮਜ਼ਬੂਰ ਕਰਦਾ ਹੈ ਜਾਂ ਛਲ ਕਰਦਾ ਹੈ

ਆਰਥਕ ਦੁਰਵਿਹਾਰ ਵਿੱਚ ਕਿਸੀ ਵੀ ਰਕਮ ਦਾ ਪੈਸਾ ਜਾਂ ਕਿਸੇ ਵੀ ਮਾਪ ਦੀ ਸੰਪਤੀ ਸ਼ਾਮਲ ਹੋ ਸਕਦੀ ਹੈ। ਆਰਥਕ ਦੁਰਵਿਹਾਰ ਦੇ ਕੁਝ ਰੂਪਾਂ ਵਿੱਚ ਚੋਰੀ ਜਾਂ ਧੋਖਾ ਸ਼ਾਮਲ ਹੁੰਦੇ ਹਨ, ਅਤੇ ਇੰਨਾਂ ਨੂੰ ਜੁਰਮ ਮੰਨਿਆ ਜਾਂਦਾ ਹੈ।

ਆਰਥਕ ਅਣਗਹਿਲੀ ਵਿੱਚ ਕਿਰਾਏ ਜਾਂ ਮੌਰਟਗੇਜ, ਮੈਡੀਕਲ ਇੰਸ਼ੋਰੈਂਸ ਜਾਂ ਬਿਲਾਂ ਦਾ ਭੁਗਤਾਨ ਨਾ ਕਰਨਾ ਸ਼ਾਮਲ ਹੋ ਸਕਦਾ ਹੈ।

## ਆਰਥਕ ਦੁਰਵਿਹਾਰ ਦਾ ਅਨੁਭਵ ਕੌਣ ਕਰ ਸਕਦਾ ਹੈ?

ਆਰਥਕ ਦੁਰਵਿਹਾਰ ਔਰਤਾਂ ਅਤੇ ਆਦਮੀਆਂ ਦੋਵਾਂ ਨਾਲ ਵਾਪਰ ਸਕਦਾ ਹੈ।ਆਰਥਕ ਦੁਰਵਿਹਾਰ ਦੇ ਜਿਆਦਾ ਜੋਖਮ ਵਾਲੇ ਵਡੇਰੀ ਉਮਰ ਦੇ ਲੋਕ ਆਮਤੌਰ ਤੇ ਇਕੱਲੇ, ਸਮਾਜਕ ਤੌਰ ਤੇ ਵੱਖਰੇ, ਅਤੇ ਜਾਂ ਤਾਂ ਸਰੀਰਕ ਜਾਂ ਭਾਵਤਮਕ ਤੌਰ ਤੇ ਬਿਮਾਰ ਹੁੰਦੇ ਹਨ।

ਆਦਮੀ ਅਤੇ ਔਰਤਾਂ ਦੁਰਵਿਹਾਰ ਜਾਂ ਅਣਗਹਿਲੀ ਦਾ ਅਨੁਭਵ ਕਿਸ ਤਰ੍ਹਾਂ ਵੱਖ ਵੱਖ ਕਰ ਸਕਦੇ ਹਨ ਬਾਰੇ ਜਾਣਕਾਰੀ ਲਈ, HealthLinkBC File #93c ਵਡੇਰੀ ਉਮਰ ਦੇ ਬਜ਼ੁਰਗਾਂ ਦੇ ਨਾਲ ਦੁਰਵਿਹਾਰ ਅਤੇ ਅਣਗਹਿਲੀ: ਲਿੰਗ ਸੰਬੰਧੀ ਫਰਕਾਂ ਨੂੰ ਸਮਝਣਾ ਦੇਖੋ।

## ਆਰਥਕ ਦੁਰਵਿਹਾਰ ਕਿਉਂ ਵਾਪਰਦਾ ਹੈ?

ਆਰਥਕ ਦੁਰਵਿਹਾਰ ਉਸ ਵੇਲੇ ਵਾਪਰਦਾ ਹੈ ਜਦੋਂ ਇੱਕ ਵਿਅਕਤੀ ਦੀ ਪੈਸੇ ਲਈ ਲੋੜ, ਹੱਕ ਜਾਂ ਲਾਲਚ ਦਾ ਭਾਵ ਉਨ੍ਹਾਂ ਦੀ ਮਾਂ/ਪਿਓ ਜਾਂ ਵਡੇਰੀ ਉਮਰ ਦੇ ਕਿਸੇ ਹੋਰ ਬਾਲਗ ਦੇ ਨਾਲ ਨਿਆਂਪੂਰਨ, ਈਮਾਨਦਾਰ, ਅਤੇ ਖਿਆਲ ਰੱਖਣ ਵਾਲਾ ਰਹਿਣ ਦੀ ਕਾਬਲੀਅਤ ਨਾਲੋਂ ਵੱਧ ਹੁੰਦਾ ਹੈ।

ਕੁਝ ਸਭਿਆਚਾਰਾਂ ਵਿੱਚ, ਇਸ ਬਾਰੇ ਆਸਾਂ ਅਤੇ ਧਾਰਨਾਵਾਂ ਹੁੰਦੀਆਂ ਹਨ ਕਿ ਮਾਪਿਆਂ ਦੇ ਪੈਸੇ ਜਾਂ ਸੰਪਤੀ ਦਾ ਵਾਰਸ ਕੌਣ ਹੋਏਗਾ।

ਸੰਭਵ ਹੈ ਕਿ ਵਡੇਰੀ ਉਮਰ ਦੇ ਮਾਪੇ ਅਤੇ ਉਨ੍ਹਾਂ ਦੇ ਬਾਲਗ ਬੱਚੇ ਇਕੱਠੇ ਬੈਂਕਿੰਗ ਮਸ਼ੀਨਾਂ ਜਾਂ ਸੰਯੁਕਤ ਅਕਾਉਂਟ ਵਰਤਣ, ਪਰ ਹੋ ਸਕਦਾ ਹੈ ਕਿ ਉਹ ਅਜਿਹਾ ਕਰਨ ਦੇ ਜੋਖਮ ਨੂੰ ਨਾ ਪਛਾਣਨ।

ਆਰਥਕ ਦੁਰਵਿਹਾਰ ਹੋਣ ਦੀ ਸੰਭਾਵਨਾ ਵਡੇਰੀ ਉਮਰ ਦੇ ਬਾਲਗ ਦੇ ਸਿਹਤ ਸੰਬੰਧੀ ਸੰਕਟ ਦੇ ਦੌਰਾਨ ਜਾਂ ਸਿਹਤ ਵਿੱਚ ਕੋਈ ਵੱਡਾ ਬਦਲਾਵ ਆਉਣ ਦੇ ਬਾਅਦ ਜਿਆਦਾ ਹੁੰਦੀ ਹੈ।ਵਡੇਰੀ ਉਮਰ ਦੇ ਕੁਝ ਬਾਲਗ ਆਰਥਕ ਦੁਰਵਿਹਾਰ ਦਾ ਸ਼ਿਕਾਰ ਹੋਣ ਲਈ ਉਸ ਵੇਲੇ ਕਮਜ਼ੋਰ ਹੋ ਜਾਂਦੇ ਹਨ ਜਦੋਂ ਉਨ੍ਹਾਂ ਦੇ ਜੀਵਨ ਸਾਥੀ, ਪਾਰਟਨਰ ਜਾਂ

ਕਰੀਬੀ ਦੋਸਤ ਦੀ ਮੌਤ ਹੋ ਜਾਂਦੀ ਹੈ। ਉਹ ਸੋਗ ਮਨਾ ਰਹੇ ਹੁੰਦੇ ਹਨ, ਅਤੇ ਉਨ੍ਹਾਂ ਨੂੰ ਬਹੁਤ ਸਾਰੇ ਫੈਸਲੇ ਕਰਨੇ ਪੈਂਦੇ ਹਨ।

## ਆਰਥਕ ਦੁਰਵਿਹਾਰ ਦੇ ਵਡੇਰੀ ਉਮਰ ਦੇ ਬਾਲਗਾਂ ਤੇ ਸਿਹਤ ਸੰਬੰਧੀ ਕੀ ਪ੍ਰਭਾਵ ਹੁੰਦੇ ਹਨ?

ਆਰਥਕ ਦੁਰਵਿਹਾਰ ਵਡੇਰੀ ਉਮਰ ਦੇ ਬਾਲਗਾਂ ਨੂੰ ਕਈ ਤਰੀਕਿਆਂ ਦੇ ਨਾਲ ਚੋਟ ਪਹੁੰਚਾਉਂਦਾ ਹੈ ਅਤੇ ਇਹ ਕਦੇ ਕਦੇ ਹੀ ਆਪਣੇ ਆਪ ਰੁੱਕਦਾ ਹੈ। ਬਹੁਤ ਸਾਰੀਆਂ ਆਰਥਕ ਸਥਿਤੀਆਂ ਵਿੱਚ ਝੂਠ, ਧਮਕੀਆਂ ਜਾਂ ਡਰਾਨਾ ਸ਼ਾਮਲ ਹੁੰਦਾ ਹੈ। ਇਹ ਭਾਵਾਤਮਕ ਦੁਰਵਿਹਾਰ ਦੇ ਰੂਪ ਹਨ। ਇਹ ਸਥਿਤੀਆਂ ਵਡੇਰੀ ਉਮਰ ਦੇ ਬਾਲਗ ਲਈ ਨਿਰੰਤਰ ਚੱਲਣ ਵਾਲੇ ਦਬਾਅ ਅਤੇ ਆਰਥਕ ਤਣਾਓ ਦਾ ਕਾਰਨ ਬਣ ਸਕਦੀਆਂ ਹਨ।

ਸੰਭਵ ਹੈ ਕਿ ਵਡੇਰੀ ਉਮਰ ਦਾ ਬਾਲਗ ਵਿਅਕਤੀ ਅਤੇ ਦੁਰਵਿਹਾਰ ਵਾਲੇ ਵਿਵਹਾਰ ਕਰਕੇ ਬਹੁਤ ਦੁੱਖੀ ਮਹਿਸੂਸ ਕਰੇ, ਪਰ ਹੋ ਸਕਦਾ ਹੈ ਉਹ ਪੈਸੇ ਨਾ ਮੰਗਣ ਜਾਂ ਸਥਿਤੀ ਬਾਰੇ ਗੱਲ ਨਾ ਕਰਨ। ਸਮਾਂ ਬੀਤਣ ਦੇ ਨਾਲ ਸਥਿਤੀ ਬਦਤਰ ਹੋ ਸਕਦੀ ਹੈ ਅਤੇ ਕਈ ਵਾਰੀ ਸਰੀਰਕ ਦੁਰਵਿਹਾਰ ਦਾ ਕਾਰਨ ਬਣ ਸਕਦੀ ਹੈ।

ਆਰਥਕ ਦੁਰਵਿਹਾਰ ਮਾਪਿਆਂ ਜਾਂ ਵਡੇਰੀ ਉਮਰ ਦੇ ਬਾਲਗਾਂ ਦੀ ਪੂੰਜੀ ਜਾਂ ਪੈਸੇ ਅਤੇ ਉਨ੍ਹਾਂ ਦੀ ਆਪਣਾ ਖਿਆਲ ਆਪ ਰੱਖਣ ਦੀ ਕਾਬਲੀਅਤ ਨੂੰ ਖੋਹ ਜਾਂ ਸੀਮਤ ਕਰ ਸਕਦਾ ਹੈ। ਇਹ ਉਨ੍ਹਾਂ ਵਾਸਤੇ ਸਹੀ ਘਰ, ਚੰਗਾ ਪੋਸ਼ਣ, ਦਵਾਈਆਂ ਅਤੇ ਸਿਹਤਮੰਦ ਗਤੀਵਿਧੀਆਂ ਲਈ ਉਪਲਬਧ ਵਸੀਲਿਆਂ ਨੂੰ ਘਟਾ ਕੇ ਉਨ੍ਹਾਂ ਦੀ ਸਿਹਤ ਨੂੰ ਨਕਾਰਾਤਮਕ ਢੰਗ ਨਾਲ ਪ੍ਰਭਾਵਿਤ ਕਰ ਸਕਦਾ ਹੈ।

## ਦੁਰਵਿਹਾਰ ਅਤੇ ਅਣਗਹਿਲੀ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ?

ਦੁਰਵਿਹਾਰ ਅਤੇ ਅਣਗਹਿਲੀ ਨੂੰ ਰੋਕਣ ਲਈ, ਇੰਨ੍ਹਾਂ ਨੁਸਖਿਆਂ ਬਾਰੇ ਵਿਚਾਰ ਕਰੋ:

- ਆਪਣੀ ਪੂੰਜੀ ਨੂੰ ਇਸ ਤਰ੍ਹਾਂ ਸੈਟ ਕਰੋ ਕਿ ਬੈਂਕ ਆਪਣੇ ਆਪ ਹੀ ਤੁਹਾਡੇ ਬਿਲਾਂ ਦਾ ਭੁਗਤਾਨ ਕਰੇ, ਖਾਸ ਕਰਕੇ ਜੇ ਤੁਹਾਡੀ ਸਿਹਤ ਬਦਲਦੀ ਹੈ ਜਾਂ ਤੁਹਾਨੂੰ ਹਸਪਤਾਲ ਜਾਂ ਦੇਖਭਾਲ ਕਰਨ ਵਾਲੀ ਸਹੂਲਤ ਵਿੱਚ ਜਾਣ ਦੀ ਲੋੜ ਪੈਂਦੀ ਹੈ
- ਜੇ ਤੁਸੀਂ ਪੈਸੇ ਉਧਾਰ ਦਿੰਦੇ ਹੋ, ਤਾਂ ਰਕਮ, ਵਿਅਕਤੀ ਦਾ ਨਾਮ ਅਤੇ ਮਿਤੀ ਜਿਸ ਨੂੰ ਤੁਸੀਂ ਉਧਾਰ ਦਿੱਤਾ ਹੈ, ਲਿਖੋ। ਇਹ ਤੁਹਾਨੂੰ ਕਰਜ਼ ਜਾਂ ਤੋਹਫੇ ਦੀ ਤਰ੍ਹਾਂ ਦਿੱਤੀ ਗਈ ਪੈਸੇ ਦੀ ਰਕਮ ਯਾਦ ਰੱਖਣ ਵਿੱਚ ਸਹਾਇਤਾ ਕਰ ਸਕਦਾ ਹੈ
- ਸੰਪਤੀ ਸੰਬੰਧੀ ਕਿਸੇ ਵੀ ਵੱਡੇ ਫੈਸਲੇ ਲਈ, ਨੋਟਰੀ, ਵਕੀਲ਼ ਜਾਂ ਸਮਾਜਕ ਵਕੀਲ਼ ਦੀ ਵਰਤੋ ਕਰਨ ਬਾਰੇ ਸੋਚੋ। ਯਕੀਨੀ ਬਣਾਓ ਕਿ ਤੁਸੀਂ ਹਸਤਾਖਰ ਕੀਤੇ ਜਾਣ ਵਾਲੇ ਹਰ ਦਸਤਾਵੇਜ਼ ਨੂੰ ਸਮਝਦੇ ਹੋ

## ਜੇ ਮੈਂ ਕੋਈ ਜ਼ੁਰਮ ਜਾਂ ਹਾਨੀਕਾਰਕ ਸਥਿਤੀ ਦੇਖਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਸੀਨੀਅਰਜ਼ ਅਬਯੂਜ਼ ਐਂਡ ਇੰਨਫਰਮੇਸ਼ਨ ਲਾਇਨ (ਐਸ ਏ ਆਈ ਐਲ) (Seniors Abuse and Information Line (SAIL)) ਨੂੰ ਲੋਅਰ ਮੇਨਲੈਂਡ ਵਿੱਚ 604-437-1940 ਤੇ, ਜਾਂ 1-866-437-1940 ਤੇ ਟੋਲ ਫ੍ਰੀ ਫੋਨ ਕਰੋ।

ਜੇ ਤੁਸੀਂ ਵਡੇਰੀ ਉਮਰ ਦੇ ਬਾਲਗ ਵਿਅਕਤੀ ਨਾਲ ਕੋਈ ਜ਼ੁਰਮ ਜਾਂ ਹਾਨੀਕਾਰਕ ਸਥਿਤੀ ਵਾਪਰਦੀ ਹੋਈ ਦੇਖਦੇ ਹੋ, ਤਾਂ ਤੁਰੰਤ ਹੀ ਪੁਲਿਸ ਜਾਂ **9-1-1** ਨੂੰ ਫੋਨ ਕਰੋ। ਦਸੋ ਕਿ ਤੁਸੀਂ ਬਜ਼ੁਰਗਾਂ ਨਾਲ ਸੰਦਿਗਧ ਦੁਰਵਿਹਾਰ, ਅਣਗਹਿਲੀ ਜਾਂ ਸਵੈ - ਅਣਗਹਿਲੀ ਦੀ ਰਿਪੋਰਟ ਕਰਨਾ ਚਾਹੁੰਦੇ ਹੋ।

## ਹੋਰ ਜਾਣਕਾਰੀ ਲਈ

ਜਾਣਕਾਰੀ ਅਤੇ ਸੇਵਾਵਾਂ ਲਈ, ਤੁਸੀਂ ਸੰਪਰਕ ਕਰ ਸਕਦੇ ਹੋ:

- ਬੀ.ਸੀ ਸੈਂਟਰ ਫਾਰ ਐਲਡਰ ਐਡਵੋਕੇਸੀ ਐਂਡ ਸਪੋਰਟ ਦੁਆਰਾ ਮੇਜ਼ਬਾਨੀ ਕੀਤੀ ਜਾਣ ਵਾਲੀ ਸੀਨੀਅਰਜ਼ ਅਬਯੂਜ਼ ਐਂਡ ਇੰਨਫਰਮੇਸ਼ਨ ਲਾਇਨ (ਐਸ ਏ ਆਈ ਐਲ) (Seniors Abuse and Information Line (SAIL)) ਨੂੰ ਵੈਨਕੂਵਰ ਵਿੱਚ 604-437-1940 ਤੇ ਜਾਂ 1-866-437-1940 ਤੇ ਟੋਲ ਫ੍ਰੀ ਫੋਨ ਕਰੋ ਜਾਂ https://seniorsfirstbc.ca/ ਤੇ ਜਾਓ
- ਗੌਰਮਿੰਟ ਆਫ ਬੀਸੀ - ਪ੍ਰੋਟੈਕਸ਼ਨ ਫਰੌਮ ਐਲਡਰ ਅਬਯੂਜ਼ ਔਰ ਨਿਗਲੈਕਟ ਲਈ www2.gov.bc.ca/gov/content/family-social-supports/seniors/health-safety/protection-from-elder-abuse-and-neglect ਤੇ ਜਾਓ
- 604-660-4444 ਤੇ ਪਬਲਿਕ ਗਾਰਡੀਅਨ ਐਂਡ ਟਰਸਟੀ ਜਾਂ www.trustee.bc.ca ਤੇ ਜਾਓ
- 604-408-2172 ਜਾਂ 1-866 577-2525 ਤੇ ਟੋਲ ਫ੍ਰੀ ਤੇ ਲੀਗਲ ਏਡ ਬੀਸੀ ਜਾਂ https://legalaid.bc.ca/ ਤੇ ਜਾਓ
- ਬੀ.ਸੀ.ਵਿੱਚ 1-800-563-0808 ਤੇ ਵਿਕਟਿਮ ਲਿੰਕ ਟੋਲ ਫ੍ਰੀ ਜਾਂ ਪਰਿਵਾਰਕ ਅਤੇ ਲਿੰਗੀ ਹਿੰਸਾ ਜਾਂ ਜੁਰਮ ਦੇ ਸ਼ਿਕਾਰਾਂ ਵਾਸਤੇ ਜਾਣਕਾਰੀ ਲਈ www2.gov.bc.ca/gov/content/justice/criminal-justice/victims-of-crime/victimlinkbc ਤੇ ਜਾਓ

ਦੁਰਵਿਹਾਰ ਅਤੇ ਵਡੇਰੀ ਉਮਰ ਦੇ ਬਾਲਗਾਂ ਬਾਰੇ ਹੋਰ ਜਾਣਕਾਰੀ ਲਈ ਹੇਠਾਂ ਦਿੱਤੀਆਂ ਹੈਲਥਲਿੰਕ ਬੀਸੀ ਫਾਇਲਾਂ ਦੇਖੋ:

- HealthLinkBC File #93a ਵਡੇਰੀ ਉਮਰ ਦੇ ਬਜ਼ੁਰਗਾਂ ਦੇ ਨਾਲ ਦੁਰਵਿਹਾਰ ਅਤੇ ਅਣਗਹਿਲੀ ਨੂੰ ਰੋਕਣਾ
- HealthLinkBC File #93b ਵਡੇਰੀ ਉਮਰ ਦੇ ਬਜ਼ੁਰਗ ਵਿਅਕਤੀਆਂ ਨਾਲ ਦੁਰਵਿਹਾਰ ਅਤੇ ਅਣਗਹਿਲੀ:ਪਰਿਵਾਰਕ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ
- HealthLinkBC File #93c ਵਡੇਰੀ ਉਮਰ ਦੇ ਬਜ਼ੁਰਗਾਂ ਦੇ ਨਾਲ ਦੁਰਵਿਹਾਰ ਅਤੇ ਅਣਗਹਿਲੀ:ਲਿੰਗ ਸੰਬੰਧੀ ਫਰਕਾਂ ਨੂੰ ਸਮਝਣਾ

seniors first BC